# 2026 ਵੈਨਕੂਵਰ ਚੋਣਾਂ

**ਤੁਹਾਡਾ ਸ਼ਹਿਰ।**
**ਤੁਹਾਡੀ ਅਵਾਜ਼।**
**ਤੁਹਾਡੀ ਵੋਟ।**

ਹੋਰ ਜਾਣਕਾਰੀ ਲਈ **vancouver.ca/vote** ‘ਤੇ ਜਾਓ ਜਾਂ **3-1-1** ‘ਤੇ ਕਾਲ ਕਰੋ।

CITY OF VANCOUVER | VANCOUVER VOTES



ten years city of reconciliation Vancouver

ਵੈਨਕੂਵਰ ਸਿਟੀ ਸਵੀਕਾਰ ਕਰਦਾ ਹੈ ਕਿ ਇਹ xʷməθkʷəy̓əm (Musqueam Indian Band), Sḵwx̱wú7mesh Úxwumixw (Squamish Nation), ਅਤੇ səlilwətaɬ (Tsleil-Waututh Nation) ਦੇ ਸਪੁਰਦ ਨਾ ਕੀਤੇ ਪਰੰਪਰਾਗਤ ਖੇਤਰਾਂ ‘ਤੇ ਸਥਿਤ ਹੈ।



# ਤੁਹਾਨੂੰ ਵੋਟ ਕਿਉਂ ਪਾਉਣੀ ਚਾਹੀਦੀ ਹੈ?

17 ਅਕਤੂਬਰ ਨੂੰ, ਵੈਨਕੂਵਰ ਦੇ ਵੋਟਰ ਇਹਨਾਂ ਬਾਰੇ ਫੈਸਲਾ ਕਰਨਗੇ:

- **1 ਮੇਅਰ**
- **10 ਸਿਟੀ ਕਾਉਂਸਲਰ**
- **7 ਪਾਰਕ ਬੋਰਡ ਕਮਿਸ਼ਨਰ**
- **9 ਸਕੂਲ ਟਰੱਸਟੀ**
- **ਪੂੰਜੀ ਯੋਜਨਾ (Capital Plan) ਬਾਰੇ ਸਵਾਲ**

ਇਹ ਵੋਟ ਤੁਹਾਡੇ ਭਾਈਚਾਰੇ ਅਤੇ ਤੁਹਾਨੂੰ ਮਿਲਣ ਵਾਲੀਆਂ ਸੇਵਾਵਾਂ ਨੂੰ ਆਕਾਰ ਦਿੰਦੀ ਹੈ, ਜਿਸ ਵਿੱਚ ਸ਼ਾਮਲ ਹਨ:

- **ਐਮਰਜੇਂਸੀ (ਸੰਕਟਕਾਲੀ) ਸੇਵਾਵਾਂ:** ਅੱਗ ਅਤੇ ਪੁਲਿਸ
- **ਭਾਈਚਾਰਕ ਸਥਾਨ:** ਲਾਇਬ੍ਰੇਰੀਆਂ, ਕਮਿਉਨਿਟੀ ਸੈਂਟਰ ਅਤੇ ਸੱਭਿਆਚਾਰਕ ਪ੍ਰੋਗਰਾਮ
- **ਸ਼ਹਿਰ ਦੀਆਂ ਉਪਯੋਗਤਾ ਸੇਵਾਵਾਂ:** ਪਾਣੀ, ਸੀਵਰੇਜ ਅਤੇ ਕੂੜਾ ਇਕੱਠਾ ਕਰਨ ਦੀਆਂ ਸੇਵਾਵਾਂ
- **ਆਂਢ-ਗੁਆਂਢ ਦੇ ਇਲਾਕੇ:** ਰਿਹਾਇਸ਼, ਸਾਈਡਵਾਕ, ਸੜਕਾਂ, ਸਮਾਜਿਕ ਸੇਵਾਵਾਂ, ਛੋਟੇ ਕਾਰੋਬਾਰ, ਪਾਰਕਲੇਟ ਅਤੇ ਵਿਕਾਸ ਯੋਜਨਾਬੰਦੀ
- **ਮਨ ਪਰਚਾਵਾ:** ਬੀਚ, ਪਾਰਕ, ਸਕੇਟਿੰਗ ਰਿੰਕ, ਪੂਲ, ਗੋਲਫ ਕੋਰਸ, ਮਰੀਨਾ, ਖੇਡ ਦੇ ਮੈਦਾਨ ਅਤੇ ਬੱਚਿਆਂ ਲਈ ਖੇਡ ਦੇ ਮੈਦਾਨ
- **ਸਿੱਖਿਆ:** ਪਬਲਿਕ ਸਕੂਲ ਡਿਸਟ੍ਰਿਕਟ ਦੇ ਬਜਟ ਅਤੇ ਨੀਤੀਆਂ

# ਕੀ ਮੈਂ ਵੋਟ ਪਾਉਣ ਲਈ ਯੋਗ ਹਾਂ?

**ਵੋਟ ਪਾਉਣ ਲਈ, ਇਹ ਜ਼ਰੂਰੀ ਹੈ ਕਿ ਤੁਸੀਂ:**

- 17 ਅਕਤੂਬਰ ਨੂੰ 18 ਸਾਲ ਜਾਂ ਵੱਧ ਉਮਰ ਦੇ ਹੋ
- ਕੈਨੇਡਾ ਦੇ ਨਾਗਰਿਕ ਹੋ
- ਰਜਿਸਟ੍ਰੇਸ਼ਨ ਦੇ ਦਿਨ ਤੋਂ ਠੀਕ ਪਹਿਲਾਂ ਘੱਟੋ-ਘੱਟ ਛੇ ਮਹੀਨਿਆਂ ਤੱਕ ਬੀ.ਸੀ. ਵਿੱਚ ਰਹੇ ਹੋ
- ਵੈਨਕੂਵਰ ਵਿੱਚ ਰਹਿੰਦੇ ਹੋ, ਕਿਸੇ ਘੱਟੋ-ਘੱਟ ਦਿਨਾਂ ਦੀ ਲੋੜ ਨਹੀਂ, ਜਾਂ ਵੈਨਕੂਵਰ ਵਿੱਚ ਪ੍ਰਾਪਰਟੀ ਦੇ ਮਾਲਕ ਹੋ*
- ਕਾਨੂੰਨ ਅਨੁਸਾਰ ਤੁਹਾਨੂੰ ਵੋਟ ਪਾਉਣ ਤੋਂ ਰੋਕਿਆ ਨਾ ਗਿਆ ਹੋਵੇ

* ਉਹ ਪ੍ਰਾਪਰਟੀ ਦੇ ਮਾਲਕ ਜੋ ਵੈਨਕੂਵਰ ਵਿੱਚ ਨਹੀਂ ਰਹਿੰਦੇ ਹਨ ਪਰ 30 ਦਿਨਾਂ ਤੋਂ ਵੱਧ ਸਮੇਂ ਤੋਂ ਪ੍ਰਾਪਰਟੀ ਦੇ ਮਾਲਕ ਹਨ, ਗੈਰ-ਰਿਹਾਇਸ਼ੀ ਪ੍ਰਾਪਰਟੀ ਵੋਟਰ (Non-Resident Property Electors) ਵਜੋਂ ਵੋਟ ਪਾਉਣ ਦੇ ਯੋਗ ਹੋ ਸਕਦੇ ਹਨ। ਹੋਰ ਜਾਣਨ ਲਈ **vancouver.ca/NRPE** ‘ਤੇ ਜਾਓ।

**ਵਿਸ਼ੇਸ਼ ਨੋਟ**

- ਸਥਾਈ ਨਿਵਾਸੀ ਵੋਟ ਨਹੀਂ ਪਾ ਸਕਦੇ ਹਨ।
- UBC/University Endowment Lands ਦੇ ਵੋਟਰ ਸਿਰਫ਼ ਸਕੂਲ ਟਰੱਸਟੀਆਂ ਲਈ ਵੋਟ ਪਾਉਣ ਦੇ ਯੋਗ ਹਨ।

ਯੋਗਤਾ, ਵੋਟ ਪਾਉਣ ਦੇ ਸਥਾਨਾਂ, ਵੋਟ ਪਾਉਣ ਦੇ ਤਰੀਕਿਆਂ ਅਤੇ ਵੋਟਰ ਰਜਿਸਟ੍ਰੇਸ਼ਨ ਬਾਰੇ ਹੋਰ ਜਾਣਕਾਰੀ ਲਈ, **vancouver.ca/vote** ‘ਤੇ ਜਾਓ।

# ਵੋਟਰ ਰਜਿਸਟ੍ਰੇਸ਼ਨ ਅਤੇ ਆਈ ਡੀ

**ਜੇ ਤੁਸੀਂ ਪਿਛਲੀਆਂ ਸੂਬਾਈ ਚੋਣਾਂ ਵਿੱਚ ਵੋਟ ਪਾਈ ਸੀ, ਤਾਂ ਤੁਸੀਂ ਵੈਨਕੂਵਰ ਵੋਟਰਾਂ ਦੀ ਸੂਚੀ ਵਿੱਚ ਹੋ। ਦੁਬਾਰਾ ਰਜਿਸਟਰ ਕਰਨ ਦੀ ਲੋੜ ਨਹੀਂ ਹੈ।**

**ਤੁਸੀਂ ਤਿੰਨ ਤਰੀਕਿਆਂ ਨਾਲ ਰਜਿਸਟਰ ਜਾਂ ਆਪਣੀ ਜਾਣਕਾਰੀ ਨੂੰ ਅੱਪਡੇਟ ਕਰ ਸਕਦੇ ਹੋ:**

- 18 ਅਗਸਤ ਤੱਕ ਔਨਲਾਈਨ elections.bc.ca 'ਤੇ
- ਵੋਟ ਪਾਉਣ ਦੇ ਸਥਾਨ 'ਤੇ ਵੋਟ ਪਾਉਣ ਵੇਲੇ
- ਡਾਕ ਰਾਹੀਂ ਵੋਟ ਪਾਉਣ ਵੇਲੇ

ਵੋਟ ਪਾਉਣ ਦੇ ਸਥਾਨ 'ਤੇ ਰਜਿਸਟਰ ਕਰਨ ਲਈ, ਆਪਣੇ ਨਾਲ ਦੋ ਯੋਗ ਪਛਾਣ ਦੇ ਦਸਤਾਵੇਜ਼ ਲਾਜ਼ਮੀ ਲਿਆਓ। ਇਨ੍ਹਾਂ ਦੋਵਾਂ 'ਤੇ ਮਿਲਾ ਕੇ ਹੇਠਾਂ ਦਿੱਤੀ ਜਾਣਕਾਰੀ ਹੋਣੀ ਚਾਹੀਦੀ ਹੈ:

- **ਤੁਹਾਡਾ ਨਾਮ:** ਦੋਵਾਂ 'ਤੇ
- **ਤੁਹਾਡਾ ਪਤਾ:** ਘੱਟੋ-ਘੱਟ ਇੱਕ 'ਤੇ
- **ਤੁਹਾਡੇ ਦਸਤਖ਼ਤ:** ਘੱਟੋ-ਘੱਟ ਇੱਕ 'ਤੇ

**ਸਵੀਕਾਰਨਯੋਗ ਪਛਾਣ ਦੇ ਦਸਤਾਵੇਜ਼ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:**

- BC ਡ੍ਰਾਈਵਰ ਦਾ ਲਾਇਸੈਂਸ ਜਾਂ BC ਸਰਵਿਸਿਜ਼ ਕਾਰਡ
- ਕੈਨੇਡੀਅਨ ਪਾਸਪੋਰਟ ਜਾਂ ਨਾਗਰਿਕਤਾ ਸਰਟੀਫਿਕੇਟ
- ਵਿਦਿਆਰਥੀ ਜਾਂ ਕਰਮਚਾਰੀ ਕਾਰਡ
- ਬੈਂਕ ਜਾਂ ਕ੍ਰੈਡਿਟ ਕਾਰਡ ਸਟੇਟਮੈਂਟ
- ਬਿਜਲੀ, ਗੈਸ ਜਾਂ ਪਾਣੀ ਵਰਗੀ ਯੁਟਿਲਿਟੀ ਸੇਵਾ ਦਾ ਬਿੱਲ ਜਾਂ ਈ-ਸਟੇਟਮੈਂਟ (ਜੋ ਮੋਬਾਈਲ ਫੋਨ 'ਤੇ ਦਿਖਾਇਆ ਜਾ ਸਕਦਾ ਹੈ)
- ਲਾਇਬ੍ਰੇਰੀ ਕਾਰਡ
- ਹਸਪਤਾਲ ਦਾ ਪਛਾਣ ਬ੍ਰੇਸਲੇਟ
- ਮੂਲਵਾਸੀ ਭਾਈਚਾਰਕ ਮੈਂਬਰਸ਼ਿਪ ਕਾਰਡ
- ਟ੍ਰਾਂਜ਼ਿਟ ਕਾਰਡ
- ਡਾਕਟਰ ਦੁਆਰਾ ਲਿਖੀ ਦਵਾਈ ਵਾਲੀ ਡੱਬੀ

ਜੇ ਤੁਹਾਡੇ ਕੋਲ ਸਿਰਫ਼ ਇੱਕ ਆਈ ਡੀ ਹੈ, ਤਾਂ ਤੁਸੀਂ ਆਪਣੀ ਪਛਾਣ ਅਤੇ ਪਤੇ ਦੀ ਪੁਸ਼ਟੀ ਕਰਨ ਲਈ ਇੱਕ ਬਾਜ਼ਾਬਤਾ ਘੋਸ਼ਣਾ ਕਰ ਸਕਦੇ ਹੋ।

ਜੇ ਤੁਹਾਡਾ ਕੋਈ ਪੱਕਾ ਪਤਾ ਨਹੀਂ ਹੈ, ਤਾਂ ਤੁਸੀਂ ਕਿਸੇ ਆਮ ਸਥਾਨ (ਜਿਵੇਂ ਕਿ ਕੋਈ ਚੌਰਾਹਾ) ਜਾਂ ਕਿਸੇ ਸ਼ੈਲਟਰ ਜਾਂ ਸੋਸ਼ਲ ਏਜੰਸੀ ਦਾ ਪਤਾ ਮੁਹੱਈਆ ਕਰਕੇ ਰਜਿਸਟਰ ਕਰ ਸਕਦੇ ਹੋ ਜੋ ਤੁਸੀਂ ਵੈਨਕੂਵਰ ਵਿੱਚ ਵਰਤਦੇ ਹੋ।

**ਆਪਣੇ ਵੋਟਰ ਜਾਣਕਾਰੀ ਕਾਰਡ (Voter Information Card) ਦੀ ਉਡੀਕ ਕਰੋ**
ਜੇ ਤੁਸੀਂ ਪਹਿਲਾਂ ਹੀ ਵੋਟਰਾਂ ਦੀ ਸੂਚੀ (Voters List) ਵਿੱਚ ਹੋ, ਤਾਂ ਤੁਹਾਨੂੰ ਸਤੰਬਰ ਦੇ ਅੰਤ ਤੱਕ ਡਾਕ ਰਾਹੀਂ ਵੋਟਰ ਜਾਣਕਾਰੀ ਕਾਰਡ (Voter Information Card) ਮਿਲ ਜਾਵੇਗਾ। ਇਸ ਕਾਰਡ ਨੂੰ ਵੋਟ ਪਾਉਣ ਦੇ ਸਥਾਨ 'ਤੇ ਆਪਣੇ ਨਾਲ ਲਿਆਓ ਤਾਂ ਜੋ ਤੇਜ਼ੀ ਨਾਲ ਪ੍ਰਕਿਰਿਆ ਕੀਤੀ ਜਾ ਸਕੇ।

# ਮੈਂ ਕਿਵੇਂ ਵੋਟ ਪਾ ਸਕਦਾ/ਸਕਦੀ ਹਾਂ?

## ਤੁਹਾਡੇ ਕੋਲ ਤਿੰਨ ਸੁਵਿਧਾਜਨਕ ਵਿਕਲਪ ਹਨ।

### 1. ਡਾਕ ਰਾਹੀਂ ਵੋਟ ਪਾਓ

ਕੋਈ ਵੀ ਵੋਟਰ ਡਾਕ ਰਾਹੀਂ ਵੋਟ ਪਾਉਣ ਦੀ ਚੋਣ ਕਰ ਸਕਦਾ ਹੈ। ਕੈਨੇਡਾ ਦੇ ਅੰਦਰ ਵਾਪਸੀ ਡਾਕ ਮੁਫ਼ਤ ਹੈ।

**ਅਰਜ਼ੀ ਦਿਓ:** ਆਪਣੇ ਪੈਕੇਜ ਲਈ 8 ਸਤੰਬਰ ਤੋਂ 5 ਅਕਤੂਬਰ ਦੁਪਹਿਰ ਤੱਕ ਬੇਨਤੀ ਕਰੋ। ਤੁਸੀਂ **vancouver.ca/vote** ‘ਤੇ, 3-1-1 ‘ਤੇ ਕਾਲ ਕਰਕੇ ਜਾਂ ਚੋਣ ਦਫ਼ਤਰ (Election Office) (305 West 8th Ave.) ‘ਤੇ ਜਾ ਕੇ ਆਨਲਾਈਨ ਅਰਜ਼ੀ ਦੇ ਸਕਦੇ ਹੋ।

**ਡਿਲੀਵਰੀ:** ਵੋਟ ਪਰਚੀਆਂ ਡਾਕ ਰਾਹੀਂ ਭੇਜੀਆਂ ਜਾਣਗੀਆਂ ਜਾਂ 29 ਸਤੰਬਰ ਤੋਂ ਪਿਕ-ਅੱਪ ਲਈ ਤਿਆਰ ਹੋਣਗੀਆਂ।

**ਵਾਪਸ ਕਰਨ ਦੀ ਆਖਰੀ ਮਿਤੀ:** ਤੁਹਾਡੀ ਵੋਟ-ਪਰਚੀ 17 ਅਕਤੂਬਰ ਨੂੰ ਸ਼ਾਮ 8 ਵਜੇ ਤੱਕ ਲਾਜ਼ਮੀ ਮਿਲ ਜਾਣੀ ਚਾਹੀਦੀ ਹੈ।

ਵਿਸਤਾਰ ਵਿੱਚ ਨਿਰਦੇਸ਼ ਅਤੇ ਡ੍ਰੌਪ ਬਾਕਸ ਦੇ ਸਥਾਨ ਤੁਹਾਡੇ ਡਾਕ ਰਾਹੀਂ ਵੋਟ ਪੈਕੇਜ ਵਿੱਚ ਸ਼ਾਮਲ ਕੀਤੇ ਗਏ ਹਨ।

### 2. ਅਗਾਊਂ ਤੌਰ ‘ਤੇ (ਅਡਵਾਂਸ) ਵੋਟ ਪਾਓ

**ਮਿਤੀਆਂ:** 3, 7, 10 ਅਤੇ 13 ਅਕਤੂਬਰ

**ਸਮਾਂ:** ਸਵੇਰੇ 8 ਤੋਂ ਸ਼ਾਮ 8 ਵਜੇ ਤਕ

**ਸਥਾਨ:** 59 ਵਿੱਚੋਂ ਕਿਸੇ ਵੀ ਅਗਾਊਂ ਵੋਟਿੰਗ ਸਥਾਨ ‘ਤੇ

**ਧਿਆਨ ਦਿਓ:** UBC ਅਤੇ UEL ਵੋਟਰ 7 ਅਤੇ 13 ਅਕਤੂਬਰ (ਸਵੇਰੇ 8 ਤੋਂ ਰਾਤ 8 ਵਜੇ) ਨੂੰ 59 ਅਡਵਾਂਸ ਵੋਟ ਪਾਉਣ ਦੇ ਸਥਾਨਾਂ ਵਿੱਚੋਂ ਕਿਸੇ ‘ਤੇ ਵੀ, ਅਤੇ UBC-AMS Student Nest (6133 University Blvd.) ਵਿਖੇ ਵੀ ਵੋਟ ਪਾ ਸਕਦੇ ਹਨ।

### 3. ਚੋਣ ਵਾਲੇ ਦਿਨ ਵੋਟ ਪਾਓ

**ਮਿਤੀ:** ਅਕਤੂਬਰ 17

**ਸਮਾਂ:** ਸਵੇਰੇ 8 ਤੋਂ ਸ਼ਾਮ 8 ਵਜੇ ਤਕ

**ਸਥਾਨ:** 85 ਵਿੱਚੋਂ ਕਿਸੇ ਵੀ ਵੋਟਿੰਗ ਸਥਾਨ ‘ਤੇ

**ਧਿਆਨ ਦਿਓ:** UBC ਅਤੇ UEL ਵੋਟਰ ਸਿਰਫ਼ UBC-AMS Student Nest (6133 University Blvd.) ਜਾਂ University Hill Secondary School (3228 Ross Dr.), ਵਿਖੇ ਸਵੇਰੇ 8 ਤੋਂ ਸ਼ਾਮ 8 ਵਜੇ ਤੱਕ ਵੋਟ ਪਾ ਸਕਦੇ ਹਨ।

**ਸਵਾਲ? ਹੋਰ ਜਾਣਕਾਰੀ ਲਈ 3-1-1 ‘ਤੇ ਕਾਲ ਕਰੋ ਜਾਂ vancouver.ca/vote ‘ਤੇ ਜਾਓ।**


W Broadway
W Broadway

# ਮੈਂ ਕਿੱਥੇ ਵੋਟ ਪਾ ਸਕਦਾ/ਸਕਦੀ ਹਾਂ?

**ਅਡਵਾਂਸ ਵੋਟ ਪਾਉਣੀ:** 3, 7, 10 ਅਤੇ 13 ਅਕਤੂਬਰ, ਸਵੇਰੇ 8 ਤੋਂ ਸ਼ਾਮ 8 ਵਜੇ (59 ਵੋਟ ਪਾਉਣ ਦੇ ਸਥਾਨ) **ਚੋਣਾਂ ਦਾ ਦਿਨ:** 17 ਅਕਤੂਬਰ, ਸਵੇਰੇ 8 ਤੋਂ ਸ਼ਾਮ 8 ਵਜੇ (85 ਵੋਟ ਪਾਉਣ ਦੇ ਸਥਾਨ)

ਹਰੇਕ ਵੋਟ ਪਾਉਣ ਦੇ ਸਥਾਨ ਲਈ ਪਹੁੰਚਯੋਗਤਾ ਸੰਬੰਧੀ ਜਾਣਕਾਰੀ ਵਾਸਤੇ **vancouver.ca/vote** 'ਤੇ ਜਾਓ।

**ਧਿਆਨ ਦਿਓ:** UBC ਅਤੇ UEL ਵੋਟ ਪਾਉਣ ਦੇ ਵੇਰਵਿਆਂ ਲਈ ਪੰਨਾ 6 ਦੇਖੋ।

## ਅਡਵਾਂਸ ਅਤੇ ਚੋਣ ਵਾਲੇ ਦਿਨ ਵੋਟ ਪਾਉਣ ਦੇ ਸਥਾਨ


| | | |
|---|---|---|
| A | St. Mary's Parish **(ਸਿਰਫ਼ ਅਡਵਾਂਸ ਵੋਟਿੰਗ)** | 5251 Joyce St. |
| 1 | Carnarvon Community Elementary School | 3400 Balaclava St. |
| 2 | Prince of Wales Secondary School | 2250 Eddington Dr. |
| 3 | Best Western Premier Chateau Granville Hotel & Suites | 1100 Granville St. |
| 4 | Carnegie Community Centre | 401 Main St. |
| 5 | Coal Harbour Community Centre | 480 Broughton St. |
| 6 | šxʷwəq̓ʷəθət Crosstown Elementary School | 55 Expo Blvd. |
| 7 | Morris J. Wosk Centre for Dialogue | 580 West Hastings St. |
| 8 | Roundhouse Community Arts & Recreation Centre | 181 Roundhouse Mews |
| 9 | Vancouver Public Library - Central Branch | 350 West Georgia St. |
| 10 | Dunbar Community Centre | 4747 Dunbar St. |
| 11 | Kerrisdale Elementary School | 5555 Carnarvon St. |
| 12 | False Creek Elementary School | 900 School Green |
| 13 | Holy Trinity Anglican Church | 1440 West 12th Ave. |
| 14 | L'Ecole Bilingue Elementary School | 1166 West 14th Ave. |
| 15 | Britannia Community Elementary School | 1110 Cotton Dr. |
| 16 | Queen Victoria Annex | 1850 East 3rd Ave. |

| | | |
|---|---|---|
| 17 | Templeton Secondary School | 727 Templeton Dr. |
| 18 | Chief Maquinna Elementary School | 2684 East 2nd Ave. |
| 19 | Hastings Community Centre | 3096 East Hastings St. |
| 20 | Thunderbird Community Centre | 2311 Cassiar St. |
| 21 | Charles Dickens Annex | 3877 Glen Dr. |
| 22 | Kensington Community Centre | 5175 Dumfries St. |
| 23 | Queen Alexandra Elementary School | 1300 East Broadway |
| 24 | Trout Lake Community Centre | 3360 Victoria Dr. |
| 25 | Dr. R. E. McKechnie Elementary School | 7455 Maple St. |
| 26 | Kerrisdale Community Centre | 5851 West Blvd. |
| 27 | Champlain Heights Community Centre | 3350 Maquinna Dr. |
| 28 | Fraser Lands Church | 3330 SE Marine Dr. |
| 29 | Killarney Community Centre | 6260 Killarney St. |
| 30 | Henry Hudson Elementary School | 1530 Maple St. |
| 31 | Kitsilano War Memorial Community Centre | 2690 Larch St. |
| 32 | Lord Tennyson Elementary School | 2650 Maple St. |
| 33 | Redemption Church | 3512 West 7th Ave. |
| 34 | David Lloyd George Elementary School | 1338 West 67th Ave. |

# ਚੋਣ ਵਾਲੇ ਦਿਨ ਵੋਟ ਪਾਉਣ ਦੇ ਸਥਾਨ

| | | |
|---|---|---|
| 35 | JW Sexsmith Community Elementary School | 7410 Columbia St. |
| 36 | Creekside Community Recreation Centre | 1 Athletes Way |
| 37 | Mount Pleasant Community Centre | 1 Kingsway |
| 38 | Vancouver City Hall | 453 West 12th Ave. |
| 39 | Dr. Annie B. Jamieson Elementary School | 6350 Tisdall St. |
| 40 | Sir Winston Churchill Secondary School | 7055 Heather St. |
| 41 | John Norquay Elementary School | 4710 Slocan St. |
| 42 | Renfrew Park Community Centre | 2929 East 22nd Ave. |
| 43 | Hillcrest Centre | 4575 Clancy Loranger Way |
| 44 | Sir Charles Tupper Secondary School | 419 East 24th Ave. |
| 45 | VanDusen Botanical Garden | 5251 Oak St. |
| 46 | Douglas Park Community Centre | 801 West 22nd Ave. |
| 47 | Lord Strathcona Community Elementary School | 592 East Pender St. |
| 48 | John Oliver Secondary School | 530 East 41st Ave. |
| 49 | Moberly Arts and Cultural Centre | 7646 Prince Albert St. |
| 50 | Sunset Community Centre | 6810 Main St. |
| 51 | David Thompson Secondary School | 1755 East 55th Ave. |
| 52 | Sir James Douglas Elementary School | 2150 Brigadoon Ave. |
| 53 | Tecumseh Elementary School | 1850 East 41st Ave. |
| 54 | King George Secondary School | 1755 Barclay St. |
| 55 | Lord Roberts Elementary School | 1100 Bidwell St. |
| 56 | St. Paul's Anglican Church | 1130 Jervis St. |
| 57 | Lord Byng Secondary School | 3939 West 16th Ave. |
| 58 | West Point Grey Community Centre | 4397 West 2nd Ave. |

| | | |
|---|---|---|
| 59 | Lord Kitchener Elementary School | 3455 West King Edward Ave. |
| 60 | Musqueam Community Centre | 6777 Salish Dr. |
| 61 | False Creek Community Centre | 1318 Cartwright St. |
| 62 | ¿uuqinak'uuh Grandview Elementary School | 2055 Woodland Dr. |
| 63 | Sir John Franklin Community School | 250 Skeena St. |
| 64 | Tillicum Community Annex | 2450 Cambridge St. |
| 65 | Lord Selkirk Elementary School | 1750 East 22nd Ave. |
| 66 | Sir Richard McBride Annex | 4750 St. Catherines St. |
| 67 | Captain James Cook Elementary School | 3340 East 54th Ave. |
| 68 | General Gordon Elementary School | 2268 Bayswater St. |
| 69 | Kitsilano Neighbourhood House | 2305 West 7th Ave. |
| 70 | École des Colibris | 590 West 65th Ave. |
| 71 | Scottish Cultural Centre | 8886 Hudson St. |
| 72 | Kivan Club (BGC South Coast BC) | 2875 St. George St. |
| 73 | Mount Pleasant Neighbourhood House | 800 East Broadway |
| 74 | Simon Fraser Elementary School | 100 West 15th Ave. |
| 75 | Sir William Van Horne Elementary School | 5855 Ontario St. |
| 76 | Trinity Baptist Church | 1460 West 49th Ave. |
| 77 | Collingwood Neighbourhood House | 5288 Joyce St. |
| 78 | Renfrew Community Elementary School | 3315 East 22nd Ave. |
| 79 | General Brock Elementary School | 4860 Main St. |
| 80 | Shaughnessy Elementary School | 4250 Marguerite St. |
| 81 | RayCam Co-operative Centre | 920 East Hastings St. |
| 82 | Waverley Elementary School | 6111 Elliott St. |
| 83 | Gordon Neighbourhood House | 1019 Broughton St. |
| 84 | St. Andrew's-Wesley United Church | #100–1022 Nelson St. |
| 85 | St. Helen's West Point Grey Anglican Church | 4405 West 8th Ave. |



STANLEY PARK
VANCOUVER HARBOUR
ENGLISH BAY
JERICHO BEACH PARK
PACIFIC SPIRIT REGIONAL PARK
UBC LANDS AND UNIVERSITY ENDOWMENT LANDS
QUEEN ELIZABETH PARK
EVERETT CROWLEY PARK
FRASER RIVER
FRASER RIVER
N
NW Marine Dr
Chancellor Blvd
West 16th Ave
SW Marine Dr
West 4th Ave
West 10th Ave
Alma St
West Broadway
West 12th Ave
West 16th Ave
Macdonald St
West King Edward Ave
Cornwall Ave
BURRARD BRIDGE
GRANVILLE BRIDGE
CAMBIE BRIDGE
Burrard St
Arbutus St
Dunbar St
Blenheim St
West 33rd Ave
Larch St
West 41st Ave
West Blvd
West 49th Ave
West 57th Ave
Park Dr
SW Marine Dr
SW Marine Dr
Granville St
Oak St
Cambie St
Cambie St
West 6th Ave
West 16th Ave
West King Edward Ave
Denman St
Davie St
Beach Ave
West Georgia St
Burrard St
Granville St
Seymour St
Powell St
Prior St
Terminal Ave
East Broadway
East Broadway
Kingsway
Main St
Fraser St
East 33rd Ave
East 41st Ave
East 49th Ave
SE Marine Dr
SE Marine Dr
Knight St
Clark Dr
Commercial Dr
Victoria Dr
Victoria Dr
Nanaimo St
Renfrew St
Highway #1
Boundary Rd
McGill St
East Hastings St
East 1st Ave
Grandview Hwy
East 22nd Ave
Vanness Ave
Rupert St
Joyce St
East 54th Ave
Elliott St
Kerr St
Tyne St
Marine Way
A
1 2 3 4 5 6 7 8 9 10 11 12 13 14 15 16 17 18 19 20 21 22 23 24 25 26 27 28 29 30 31 32 33 34 35 36 37 38 39 40 41 42 43 44 45 46 47 48 49 50 51 52 53 54 55 56 57 58 59 60 61 62 63 64 65 66 67 68 69 70 71 72 73 74 75 76 77 78 79 80 81 82 83 84 85
ਸਿਰਫ਼ ਅਡਵਾਂਸ ਵੋਟਿੰਗ
ਅਡਵਾਂਸ ਅਤੇ ਚੋਣ ਵਾਲੇ ਦਿਨ ਵੋਟਿੰਗ
ਸਿਰਫ਼ ਚੋਣ ਵਾਲੇ ਦਿਨ ਵੋਟਿੰਗ
2 km

# ਉਮੀਦਵਾਰ

ਉਮੀਦਵਾਰਾਂ ਦੀ ਸੂਚੀ 21 ਸਤੰਬਰ ਤੱਕ ਆਨਲਾਈਨ ਪੋਸਟ ਕਰ ਦਿੱਤੀ ਜਾਵੇਗੀ।

ਇਸ ਵਿੱਚ ਉਹਨਾਂ ਦੇ ਨਾਮ, ਰਾਜਨੀਤਿਕ ਪਾਰਟੀਆਂ, ਸੰਪਰਕ ਜਾਣਕਾਰੀ ਅਤੇ ਉਹਨਾਂ ਦੀਆਂ ਵੈੱਬਸਾਈਟਾਂ ਅਤੇ/ਜਾਂ ਸੋਸ਼ਲ ਮੀਡੀਆ ਦੇ ਲਿੰਕ ਸ਼ਾਮਲ ਹੋਣਗੇ। ਤੁਹਾਨੂੰ ਇਹ ਜਾਣਕਾਰੀ **vancouver.ca/vote** ‘ਤੇ ਜਾਂ 3-1-1 ‘ਤੇ ਕਾਲ ਕਰਕੇ ਮਿਲ ਸਕਦੀ ਹੈ।

**ਜੇ ਤੁਹਾਨੂੰ ਉਮੀਦਵਾਰਾਂ ਬਾਰੇ ਖੋਜ ਕਰਨ ਵਿੱਚ ਮਦਦ ਚਾਹੀਦੀ ਹੈ,** ਤਾਂ ਤੁਸੀਂ ਸਹਾਇਤਾ ਲਈ ਕਿਸੇ ਵੀ ਵੈਨਕੂਵਰ ਪਬਲਿਕ ਲਾਇਬ੍ਰੇਰੀ ਬ੍ਰਾਂਚ ਵਿੱਚ ਜਾ ਸਕਦੇ ਹੋ।

# ਵੋਟ-ਪਰਚੀ

**ਤੁਹਾਡੀ ਵੋਟ-ਪਰਚੀ ਦੋਵੇਂ ਪਾਸੇ ਛਪੀ ਹੋਵੇਗੀ ਅਤੇ ਇਸ ਵਿੱਚ ਸ਼ਾਮਲ ਹੋਵੇਗਾ:**

ਸਾਰੇ ਉਮੀਦਵਾਰ ਬੇਤਰਤੀਬ ਕ੍ਰਮ ਵਿੱਚ। ਤੁਹਾਡੀਆਂ ਚੋਣਾਂ ਲੱਭਣ ਵਿੱਚ ਤੁਹਾਡੀ ਮਦਦ ਕਰਨ ਲਈ, ਹਰੇਕ ਉਮੀਦਵਾਰ ਦਾ ਇੱਕ ਨੰਬਰ ਅਤੇ, ਜੇ ਲਾਗੂ ਹੁੰਦਾ ਹੈ, ਤਾਂ ਉਹਨਾਂ ਦੀ ਰਾਜਨੀਤਿਕ ਪਾਰਟੀ ਹੋਵੇਗੀ।

ਪੂੰਜੀ ਯੋਜਨਾ (ਕੈਪੀਟਲ ਪਲਾਨ) ਸੰਬੰਧੀ ਕਰਜ਼ਾ ਲੈਣ ਬਾਰੇ ਸਵਾਲ।

# ਨਿਯਮ

**ਵੋਟ ਪਾਉਣ ਦੇ ਸਥਾਨ ‘ਤੇ, ਇਹ ਜ਼ਰੂਰੀ ਹੈ:**

**ਇਸ ਨੂੰ ਗੁਪਤ ਰੱਖੋ:** ਤੁਸੀਂ ਸ਼ੇਅਰ ਕਰਨ ਲਈ ਆਪਣੀ ਨਿਸ਼ਾਨ ਲਗਾਈ ਵੋਟ-ਪਰਚੀ ਦੀਆਂ ਫੋਟੋਆਂ ਨਹੀਂ ਖਿੱਚ ਸਕਦੇ ਹੋ।

**ਇਸ ਨੂੰ ਨਿਰਪੱਖ ਰੱਖੋ:** ਤੁਸੀਂ ਵੋਟ ਪਾਉਣ ਦੇ ਸਥਾਨ ਦੇ 100 ਮੀਟਰ ਦੇ ਅੰਦਰ ਪ੍ਰਚਾਰ ਸਮੱਗਰੀ (ਜਿਵੇਂ ਕਿ ਉਮੀਦਵਾਰ ਦੇ ਬਟਨ, ਕਮੀਜ਼ਾਂ ਜਾਂ ਚਿੰਨ੍ਹ) ਪਹਿਨ ਜਾਂ ਨਾਲ ਨਹੀਂ ਲਿਆ ਸਕਦੇ ਹੋ।

# ਕਿਸੇ ਹੋਰ ਭਾਸ਼ਾ ਵਿੱਚ ਮਦਦ ਚਾਹੀਦੀ ਹੈ?

**ਵੋਟ ਪਾਉਣ ਦੇ ਸਥਾਨ ‘ਤੇ:**

**ਕਿਸੇ ਚੋਣ ਵਰਕਰ ਨੂੰ ਪੁੱਛੋ:** ਕੁਝ ਚੋਣ ਕਰਮਚਾਰੀ ਕਈ ਭਾਸ਼ਾਵਾਂ ਬੋਲਦੇ ਹਨ। ਜੇ ਉਹ ਤੁਹਾਡੀ ਸਿੱਧੀ ਮਦਦ ਨਹੀਂ ਕਰ ਸਕਦੇ ਹਨ, ਤਾਂ ਉਹ ਤੁਹਾਨੂੰ 240 ਤੋਂ ਵੱਧ ਭਾਸ਼ਾਵਾਂ ਵਿੱਚ ਫੋਨ ਦੁਭਾਸ਼ੀਆ ਸੇਵਾ ਨਾਲ ਜੋੜ ਸਕਦੇ ਹਨ।

**ਕਿਸੇ ਨੂੰ ਆਪਣੇ ਨਾਲ ਲਿਆਓ:** ਤੁਸੀਂ ਕਿਸੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਨਾਲ ਲਿਆ ਸਕਦੇ ਹੋ ਜੋ ਤੁਹਾਡੇ ਲਈ ਅਨੁਵਾਦ ਕਰ ਸਕੇ। ਉਹਨਾਂ ਨੂੰ ਗੁਪਤਤਾ ਦੀ ਸਹੁੰ ਚੁੱਕਣ ਦੀ ਲੋੜ ਹੋਵੇਗੀ।

**ਅਮਰੀਕੀ ਸਾਂਕੇਤਿਕ ਭਾਸ਼ਾ (ASL):** ASL ਦੁਭਾਸ਼ੀਆ ਸੇਵਾ ਸਾਰੇ ਵੋਟ ਪਾਉਣ ਦੇ ਸਥਾਨਾਂ ‘ਤੇ ਮੰਗ ਕਰਨ ‘ਤੇ ਉਪਲਬਧ ਹੈ।

**ਵੋਟ-ਪਰਚੀ ‘ਤੇ ਨਿਸ਼ਾਨ ਲਗਾਉਣ ਦੀਆਂ ਅਨੁਵਾਦ ਕੀਤੀਆਂ ਹਿਦਾਇਤਾਂ ਇਹਨਾਂ ਭਾਸ਼ਾਵਾਂ ਵਿੱਚ ਉਪਲਬਧ ਹਨ:**

| | | | | | |
|---|---|---|---|---|---|
| ਪਰੰਪਰਾਗਤ ਚੀਨੀ | ਪੰਜਾਬੀ | ਪੁਰਤਗਾਲੀ | ਫ੍ਰਾਂਸੀਸੀ | ਕੋਰੀਆਈ | ਵੀਅਤਨਾਮੀ |
| ਸਰਲੀਕ੍ਰਿਤ ਚੀਨੀ | ਟੈਗਾਲੋਗ | ਫ਼ਾਰਸੀ | ਸਪੈਨਿਸ਼ | ਜਾਪਾਨੀ | |

**ਫੋਨ ‘ਤੇ:**

ਜੇ ਤੁਹਾਨੂੰ ਵੋਟ ਪਾਉਣ ਤੋਂ ਪਹਿਲਾਂ ਮਦਦ ਚਾਹੀਦੀ ਹੈ, ਤਾਂ **3-1-1** ‘ਤੇ ਕਾਲ ਕਰਕੇ ਫੋਨ ਸਹਾਇਤਾ 240 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।

# ਵੋਟ ਪਾਉਣ ਲਈ ਪਹੁੰਚਯੋਗ ਸਹਾਇਤਾ

**ਤਰਜੀਹੀ ਪਹੁੰਚ ਲਾਈਨ**
ਤਰਜੀਹੀ ਪਹੁੰਚ ਲਾਈਨ (Priority Access Line) ਉਹਨਾਂ ਵੋਟਰਾਂ ਲਈ ਉਪਲਬਧ ਹੈ ਜਿਨ੍ਹਾਂ ਨੂੰ ਸਿਹਤ, ਗਤੀਸ਼ੀਲਤਾ ਜਾਂ ਹੋਰ ਲੋੜਾਂ ਕਾਰਨ ਲਾਈਨ ਵਿੱਚ ਖੜ੍ਹੇ ਹੋਣ ਜਾਂ ਬਣੇ ਰਹਿਣ ਵਿੱਚ ਮੁਸ਼ਕਲ ਹੋ ਸਕਦੀ ਹੈ। ਇਸ ਵਿੱਚ ਅਸਮਰਥਤਾਵਾਂ ਵਾਲੇ ਲੋਕ, ਬਜ਼ੁਰਗ, ਗਰਭਵਤੀ ਵੋਟਰ ਅਤੇ ਛੋਟੇ ਬੱਚਿਆਂ ਵਾਲੇ ਲੋਕ ਸ਼ਾਮਲ ਹਨ। ਤੁਹਾਨੂੰ ਕਾਰਨ ਦੱਸਣ ਦੀ ਲੋੜ ਨਹੀਂ ਹੈ।

**ਸੜਕ ਕਿਨਾਰੇ ਵੋਟ ਪਾਉਣੀ**
ਕਿਸੇ ਵਾਹਨ ਵਿਚਲੇ ਉਹਨਾਂ ਵੋਟਰਾਂ ਲਈ ਜੋ ਅਸਮਰਥਤਾ ਜਾਂ ਸਿਹਤ ਸੰਬੰਧੀ ਚਿੰਤਾਵਾਂ ਕਾਰਨ ਦਾਖਲ ਨਹੀਂ ਹੋ ਸਕਦੇ ਹਨ, ਚੋਣਵੇਂ ਵੋਟ ਪਾਉਣ ਦੇ ਸਥਾਨਾਂ 'ਤੇ ਸੜਕ ਕਿਨਾਰੇ ਵੋਟ ਪਾਉਣ ਦੀ ਸਹੂਲਤ ਉਪਲਬਧ ਹੈ। ਇੱਕ ਚੋਣ ਵਰਕਰ ਤੁਹਾਡੇ ਵਾਹਨ ਤੋਂ ਵੋਟ ਪਾਉਣ ਵਿੱਚ ਤੁਹਾਡੀ ਸਹਾਇਤਾ ਕਰੇਗਾ। ਸੜਕ ਕਿਨਾਰੇ ਵੋਟ ਪਾਉਣ ਦੀ ਪੇਸ਼ਕਸ਼ ਕਰਨ ਵਾਲੇ ਵੋਟ ਪਾਉਣ ਦੇ ਸਥਾਨ ਲੱਭਣ ਲਈ vancouver.ca/vote 'ਤੇ ਜਾਓ।

**ਤੁਹਾਡੀ ਵੋਟ-ਪਰਚੀ 'ਤੇ ਨਿਸ਼ਾਨ ਲਗਾਉਣ ਵਿੱਚ ਸਹਾਇਤਾ**
ਜੇ ਤੁਸੀਂ ਆਪਣੀ ਖੁਦ ਦੀ ਵੋਟ-ਪਰਚੀ 'ਤੇ ਨਿਸ਼ਾਨ ਨਹੀਂ ਲਗਾ ਸਕਦੇ ਹੋ, ਤਾਂ ਤੁਸੀਂ ਚੋਣ ਵਰਕਰ ਤੋਂ ਮਦਦ ਮੰਗ ਸਕਦੇ ਹੋ ਜਾਂ ਇਸ 'ਤੇ ਨਿਸ਼ਾਨ ਲਗਾਉਣ ਵਿੱਚ ਮਦਦ ਲਈ ਆਪਣੇ ਭਰੋਸੇ ਦੇ ਕਿਸੇ ਵਿਅਕਤੀ ਨੂੰ ਨਾਲ ਲਿਆ ਸਕਦੇ ਹੋ।

**ਕੀ ਤੁਹਾਨੂੰ ਹੋਰ ਸਹਾਇਤਾ ਦੀ ਲੋੜ ਹੈ?**
ਕੀ ਤੁਹਾਨੂੰ ਅਜਿਹੀ ਸਹਾਇਤਾ ਦੀ ਲੋੜ ਹੈ ਜੋ ਇੱਥੇ ਸੂਚੀਬੱਧ ਨਹੀਂ ਹੈ? ਆਪਣੇ ਵਿਕਲਪਾਂ ਬਾਰੇ ਚਰਚਾ ਕਰਨ ਲਈ ਵੈਨਕੂਵਰ ਚੋਣ ਦਫ਼ਤਰ (Vancouver Election Office) ਨਾਲ 604-829-2010 ਜਾਂ election@vancouver.ca 'ਤੇ ਸੰਪਰਕ ਕਰੋ।

**ਸੇਵਾ ਪ੍ਰਦਾਨ ਕਰਨ ਵਾਲੇ ਜਾਨਵਰ**
ਗਾਈਡ ਅਤੇ ਸੇਵਾ ਵਾਲੇ ਜਾਨਵਰਾਂ ਦਾ ਸਾਰੇ ਵੋਟ ਪਾਉਣ ਦੇ ਸਥਾਨਾਂ 'ਤੇ ਸੁਆਗਤ ਹੈ। ਬਾਕੀ ਸਾਰੇ ਪਾਲਤੂ ਜਾਨਵਰਾਂ ਦੀ ਇਜਾਜ਼ਤ ਨਹੀਂ ਹੈ।

**ਸੁਤੰਤਰ ਤੌਰ 'ਤੇ ਵੋਟ ਪਾਉਣ ਦੇ ਵਿਕਲਪ**

- **ਅੱਖਰ ਵੱਡੇ ਕਰਕੇ ਦੇਖਣ ਲਈ ਲੈਂਸ:** ਵੋਟ ਪਰਚੀ ਨੂੰ ਪੜ੍ਹਨਾ ਆਸਾਨ ਬਣਾਉਣ ਲਈ ਸਾਰੇ ਵੋਟ ਪਾਉਣ ਦੇ ਸਥਾਨਾਂ 'ਤੇ ਉਪਲਬਧ।
- **ਨਿੱਜੀ ਸਾਧਨ ਅਤੇ ਐਪਾਂ:** ਤੁਸੀਂ ਵੋਟ ਪਾਉਣ ਵਿੱਚ ਮਦਦ ਲਈ ਆਪਣੇ ਖੁਦ ਦੇ ਸਾਧਨਾਂ ਜਾਂ ਫੋਨ ਐਪਾਂ ਦੀ ਵਰਤੋਂ ਕਰ ਸਕਦੇ ਹੋ। ਤੁਸੀਂ ਆਪਣੀ ਵੋਟ-ਪਰਚੀ 'ਤੇ ਨਿਸ਼ਾਨ ਲਗਾਉਣ ਵਿੱਚ ਮਦਦ ਲਈ ਕਿਸੇ ਨੂੰ ਵੀਡੀਓ ਕਾਲ ਨਹੀਂ ਕਰ ਸਕਦੇ ਹੋ।
- **ਵੋਟ-ਪਰਚੀ 'ਤੇ ਨਿਸ਼ਾਨ ਲਗਾਉਣ ਲਈ ਸਹਾਇਕ ਉਪਕਰਨ (ਸਿਪ-ਐਂਡ-ਪਫ਼, ਪੈਡਲ, ਆਡੀਓ, ਬ੍ਰੇਲ ਅਤੇ ਵੱਡੇ ਅੱਖਰਾਂ ਦੇ ਵਿਕਲਪਾਂ ਸਮੇਤ) ਇੱਥੇ ਉਪਲਬਧ ਹੈ:**
  - ਚੋਣ ਦਫ਼ਤਰ (The Election Office), 305 West 8th Ave., 3 ਤੋਂ 17 ਅਕਤੂਬਰ ਤਕ (ਆਪਣੀ ਮੁਲਾਕਾਤ ਦੀ ਯੋਜਨਾ ਬਣਾਉਣ ਲਈ ਪਹਿਲਾਂ ਕਾਲ ਕਰੋ: 604-829-2010)
  - ਹੇਠਾਂ ਦਿੱਤੇ ਵੋਟ ਪਾਉਣ ਦੇ ਸਥਾਨ (ਅਕਤੂਬਰ 3, 7, 10, 13, 17):
    - **Roundhouse Community Arts & Recreation Centre**, 181 Roundhouse Mews
    - **Sunset Community Centre**, 6810 Main St.
    - **Dunbar Community Centre**, 4747 Dunbar St.
    - **Renfrew Park Community Centre**, 2929 East 22nd Ave.
- **ਡਾਕ ਰਾਹੀਂ ਵੋਟ ਪਾਓ:** ਤੁਸੀਂ ਘਰੋਂ ਵੋਟ ਪਾਉਣ ਦੀ ਚੋਣ ਕਰ ਸਕਦੇ ਹੋ। ਵੇਰਵਿਆਂ ਲਈ ਪੰਨਾ 6 ਦੇਖੋ।

CITY OF VANCOUVER | VANCOUVER VOTES

©2026 City of Vancouver | 26-026 | Punjabi